# ਪੰਜਾਬ ਸਰਕਾਰ
# ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ
# (ਮਕਾਨ ਉਸਾਰੀ-2 ਸ਼ਾਖਾ)

ਸੇਵਾ ਵਿਖੇ

ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ।

ਮੀਮੋ ਨੰ: 18/30/2009-5ਮਉ2/2427

ਮਿਤੀ, ਚੰਡੀਗੜ੍ਹ: 3/9/09

**ਵਿਸ਼ਾ:-** **ਭੌ ਮੰਤਵ ਤਬਦੀਲੀ ਦੀਆਂ ਪਾਵਰਾਂ ਦੀ ਡੀਸੈਂਟਰਲਾਈਜ਼ੇਸ਼ਨ ਕਰਨ ਸੰਬੰਧੀ।**

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ: 6107 ਸੀਟੀਪੀ(ਪਬ)ਐਪੀ-432 (ਜਨਰਲ), ਮਿਤੀ 4-8-2009 ਦੇ ਹਵਾਲੇ ਵਿੱਚ।

2 ਹਵਾਲੇ ਅਧੀਨ ਪੱਤਰ ਨਾਲ ਭੇਜੀ ਤਜ਼ਵੀਜ਼ ਨੂੰ ਸਰਕਾਰ ਦੇ ਪੱਧਰ ਤੇ ਵਿਚਾਰਣ ਉਪਰੰਤ ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ ਦੇ ਸੀਨੀਅਰ ਨਗਰ ਯੋਜਨਾਕਾਰ ਨੂੰ ਆਪਣੇ ਅਧਿਕਾਰ ਖੇਤਰ ਵਿੱਚ ਪੈਂਦੇ ਹੇਠ ਲਿਖੇ ਰਕਬੇ ਅਨੁਸਾਰ ਭੌਂ ਮੰਤਵ ਤਬਦੀਲੀ ਦੀਆਂ ਪਾਵਰਾਂ ਡੈਲੀਗੇਟ ਕਰਨ ਦਾ ਫੈਸਲਾ ਕੀਤਾ ਹੈ:

1. 10 ਏਕੜ ਤੱਕ ਰਿਹਾਇਸ਼ੀ
2. 5 ਏਕੜ ਤੱਕ ਉਦਯੋਗਿਕ
3. 10 ਏਕੜ ਤੱਕ ਇੰਸਟੀਚਿਊਸ਼ਨਲ

3. ਉਪਰੋਕਤ ਭੌਂ ਮੰਤਵ ਵਰਤੋਂ ਤਬਦੀਲੀ ਸੀਨੀਅਰ ਨਗਰ ਯੋਜਨਾਕਾਰਾਂ ਵੱਲੋਂ ਸਟੈਚੁਟਰੀ ਅਤੇ ਨਾਲ-ਸਟੈਚੁਟਰੀ ਮਾਸਟਰ ਪਲੈਨ ਦੇ ਢੁੱਕਵੇਂ ਲੈਂਡ ਯੂਜ ਦੇ ਜੋਨ ਅਨੁਸਾਰ ਕੀਤੀ ਜਾਵੇਗੀ। ਜੋ ਰਕਬੇ ਲੋਕਲ ਪਲੈਨਿੰਗ ਏਰੀਏ ਤੋਂ ਬਾਹਰ ਪੈਂਦੇ ਹਨ, ਉਹਨਾਂ ਵਿਚੋਂ ਉਦਯੋਗਿਕ ਅਤੇ ਵਿੱਦਿਅਕ ਮੰਤਵ ਲਈ ਸੀ.ਐਲ.ਯੂ.ਵੀ ਸੀਨੀਅਰ ਨਗਰ ਯੋਜਨਾਕਾਰਾਂ ਵਲੋਂ ਉਪਰੋਕਤ ਦੱਸੇ ਰਕਬੇ ਅਨੁਸਾਰ ਕੀਤਾ ਜਾਵੇਗਾ। ਲੋਕਲ ਪਲੈਨਿੰਗ ਏਰੀਏ ਤੋਂ ਬਾਹਰ ਰਿਹਾਇਸ਼ੀ ਭੌਂ ਮੁਤਵ ਤਬਦੀਲੀ ਦੇ ਕੇਸ ਪਹਿਲਾਂ ਵਾਂਗ ਸਰਕਾਰ ਦੇ ਪੱਧਰ ਤੇ ਹੀ ਕੀਤੇ ਜਾਣਗੇ। ਉਪਰੋਕਤ ਦੱਸੇ ਰਕਬੇ ਵਿੱਚ 10% ਤੱਕ ਦਾ ਵਾਧਾ ਕੀਤੇ ਜਾਣ ਦੀ ਸੂਰਤ ਵਿੱਚ ਸੀ.ਐਲ.ਯੂ., ਐਸ.ਟੀ.ਪੀਜ਼ ਵਲੋਂ ਕੀਤੇ ਜਾਣਗੇ। ਸੀ.ਐਲੀਯੂ. ਵਿਚਾਰਦੇ ਸਮੇਂ ਸੀਨੀਅਰ ਨਗਰ ਯੋਜਨਾਕਾਰਾਂ ਵਲੋਂ ਰੂਲਜ਼/ ਰੈਗੁਲੇਸ਼ਨਜ਼/ ਗਾਈਡ ਲਾਈਨਜ਼ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ।

4. ਵਿੱਦਿਅਕ ਮੰਤਵ ਲਈ ਸੀਐਲਯੂ ਕਰਦੇ ਸਮੇਂ ਐਸਟੀਪੀਜ਼ ਵੱਲੋਂ ਏ.ਆਈ.ਸੀ.ਟੀ.ਈ. ਨਾਰਮਜ਼, ਨਾਨ ਏ.ਆਈ.ਸੀ.ਟੀ.ਈ. ਕੋਰਸਿਜ਼, ਸੀ.ਬੀ.ਐਸ.ਈ., ਪੀ.ਟੀ.ਯੂ., ਨਰਸਿੰਗ ਕਾਲਜ਼ਆਦਿ ਰਕਬੇ ਦੀ ਰਿਕੁਆਇਰਮੈਂਟ ਨੂੰ ਧਿਆਨ ਰੱਖਿਆ ਜਾਵੇਗਾ। ਰਿਹਾਇਸ਼ੀ ਮੰਤਵ ਲਈ ਸੀ.ਐਲ.ਯੂ. ਕਰਦੇ ਸਮੇਂ ਪੋਟੈਨਸ਼ੀਅਲ ਜ਼ੋਨ ਵਾਈਜ਼ ਰਕਬੇ ਦੀ ਲਿਮਟਸ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ।

5. ਰੈਵੀਨਿਯੂ ਦੀ ਪੁਸ਼ਟੀ ਸੀਆਰਓ ਵਲੋਂ ਕਾਰਵਾਈ ਜਾਵੇਗੀ ਅਤੇ ਸਬੰਧਤ ਡੀਟੀਪੀ ਦੀ ਰਿਪੋਰਟ ਪ੍ਰਾਪਤ ਕਰਨੀ ਲਾਜ਼ਮੀ ਹੋਵੇਗੀ।

6. ਐਸਟੀਪੀਜ਼ ਵੱਲੋਂ ਸੀਐਲਯੂ ਚਾਰਜ਼ਿਸ ਗਰੋਸ ਰਕਬੇ ਤੇ ਨਿਰਧਾਰਤ ਰੇਟ ਅਨੁਸਾਰ ਪ੍ਰਾਪਤ ਕੀਤੇ ਜਾਣਗੇ। ਉਸ ਉਪਰੰਤ ਸੀਟੀਪੀ / ਮੁੱਖ ਪ੍ਰਸ਼ਾਸਕ, ਸਬੰਧਤ ਡਿਵੈਲਪਮੈਂਟ ਅਥਾਰਟੀ ਵਲੋਂ ਜੋ ਲੇ-ਆਉਟ/ ਬਿਲਡਿੰਗ ਪਲੈਨ ਪ੍ਰਵਾਨ ਕੀਤਾ ਜਾਵੇਗਾ ਤਾਂ ਉਸ ਵਿੱਚ ਵੱਖ-ਵੱਖ ਐਕਟੀਵੀਟੀਜ਼ ਵਿੱਚ ਜਿੰਨਾ ਏਰੀਆ ਪੈਂਦਾ ਹੈ ਉਸ ਰਕਬੇ ਅਨੁਸਾਰ ਬਕਾਇਆ ਸੀ.ਐਲ.ਯੂ. ਦੀ ਰਕਮ ਪ੍ਰਾਪਤ ਕਰ ਲਈ ਜਾਵੇਗੀ।

7. ਐਸ.ਟੀ.ਪੀਜ਼ ਵਲੋਂ ਪ੍ਰਾਪਤ ਕੀਤੇ ਸੀਐਲਯੂ ਚਾਰਜ਼ਿਸ ਬਾਰੇ ਕੰਸੋਲੀਡੇਟਡ ਰਿਪੋਰਟ ਹਰ ਮਹੀਨੇ ਦੀ ਤਿੰਨ ਤਾਰੀਖਤੱਕ ਸੀਟੀਪੀ ਨੂੰ ਭੇਜੀ ਜਾਵੇਗੀ ਅਤੇ ਪਿਛਲੇ ਮਹੀਨੇ ਦੀ ਰੀਕੰਨਸੀਲੇਸ਼ਨ ਰਿਪੋਰਟ ਜੋ ਖਜਾਨਾ ਦਫਤਰ ਤੋਂ ਚੈਕ ਕਰਵਾਉਣੀ ਹੋਵੇਗੀ ਉਹ ਵੀ ਹਰ ਮਹੀਨ ਦੀ ਤਿੰਨ ਤਾਰੀਖ ਤੱਕ ਭੇਜੀ ਜਾਵੇਗੀ।

8. ਹਰ ਮਹੀਨੇ ਤੇ ਅੰਦਰ ਐਸ.ਟੀ.ਪੀਜ. ਵੱਲੋਂ ਜਾਰੀ ਕੀਤੇ ਗਏ ਸੀ.ਐਲ.ਯੂ.ਦੇ ਕੇਸ਼ਾਂ ਬਾਰੇ ਪੂਰੀ ਲਿਸਟ ਅਗਲੇ ਮਹੀਨੇ ਦੀ ਤਿੰਨ ਤਾਰੀਖ ਤੱਕ ਸੀਟੀਪੀ ਅਤੇ ਮੁੱਖ ਪ੍ਰਸ਼ਾਸਕ ਸੰਬਧਤ ਡਿਵੈਲਪਮੈਂਟ ਅਥਾਰਿਟੀਜ਼ ਨੂੰ ਭੇਜੀ ਜਾਵੇਗੀ।

9. ਐਸ.ਟੀ.ਪੀਜ਼ ਵੱਲੋਂ ਜਾਰੀ ਕੀਤੇ ਗਏ ਸੀਐਲਯੂ ਦੇ ਹੁਕਮਾਂ ਦੀ ਕਾਪੀ ਸੀਟੀਪੀ ਅਤੇ ਸਬੰਧਤ ਡਿਵੈਲਪਮੈਂਟ ਅਥਾਰਿਟੀ ਦੇ ਮੁੱਖ ਪ੍ਰਸ਼ਾਸਕ ਨੂੰ ਪੂਰੇ ਦਸਤਾਵੇਜ਼ਾਂ ਨਾਲ ਭੇਜੀ ਜਾਵੇਗੀ ਅਤੇ ਆਰਡਰਾਂ ਦੀ ਕਾਪੀ ਦੂਜੇ ਸਬੰਧਤ ਵਿਭਾਗਾਂ ਨੂੰ ਭੇਜੀ ਜਾਵੇਗੀ।

10. ਸੀਟੀਪੀ ਵੱਲੋਂ ਅਤੇ ਸਬੰਧਤ ਮੁੱਖ ਪ੍ਰਸ਼ਾਸਕ ਡਿਵੈਲਪਮੈਂਟ ਅਥਾਰਿਟੀਜ਼ ਵਲੋਂ ਵੱਖਰੇ ਵੱਖਰੇ ਤੌਰ ਤੇ ਐਸਟੀਪੀਜ਼ ਵੱਲੋਂ ਜਾਰੀ ਸੀਐਲਯੂ ਦੀ 100× ਚੈਕਿੰਗ ਕੀਤੀ ਜਾਵੇਗੀ ਅਤੇ ਰਿਪੋਰਟ ਹਰ ਮਹੀਨੇ ਦੀ 10 ਤਾਰੀਖ ਤੱਕ ਸਰਕਾਰ ਨੂੰ ਭੇਜੀ ਜਾਵੇਗੀ।

11. ਇਹ ਹੁਕਮ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਜਾਰੀ ਕੀਤੇ ਜਾਂਦੇ ਹਨ।

ਸੰਯੁਕਤ ਸਕੱਤਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ।

ਪਿੱਠ ਅੰਕਣ ਨੰ: 18/30/09-5ਐਚਜੀ-2/ ਮਿਤੀ:

ਇਕ ਉਤਾਰਾ ਮੁੱਖ ਪ੍ਰਸ਼ਾਸਕ, ਡਿਵੈਲਪਮੈਂਟ ਅਥਾਰਿਟੀਜ਼, ਗਮਾਡਾ/ ਪੁੱਡਾ/ ਗਲਾਡਾ/ ਏਡੀਏ/ ਜੇਡੀਏ/ ਪੀਡੀਏ/ ਬੀਡੀਏ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ।